ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਸ.ਅ.ਸ.ਨਗਰ
ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ-8 ਸ.ਅ.ਸ. ਨਗਰ
(ਪ੍ਰਮੋਸ਼ਨ ਸੈੱਲ)

ਪਬਲਿਕ ਨੋਟਿਸ ਮਿਤੀ- 09-05-2025

1.0 ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 28434 ਆਫ 2019 ਹਰਭਜਨ ਸਿੰਘ ਤੇ ਹੋਰ ਵਿੱਚ ਮਿਤੀ 15-02-2023 ਰਾਹੀਂ ਮਾਸਟਰ ਕਾਡਰ ਦੀ ਮਿਤੀ 19–06–19 ਰਾਹੀਂ ਜਾਰੀ ਕੀਤੀ ਸਾਂਝੀ ਸੀਨੀਆਰਤਾ ਸੂਚੀ ਰੱਦ ਕਰਦੇ ਹੋਏ ਨਵੀ ਸੀਨੀਆਰਤਾ ਸੂਚੀ ਬਣਾਉਣ ਦੇ ਹੁਕਮ ਕੀਤੇ ਗਏ ਸਨ, ਮਿਤੀ 29-05-2024/05-8-2024 ਰਾਹੀ ਮਾਸਟਰ ਕਾਡਰ ਦੀ ਪ੍ਰੋਵੀਜਨਲ ਨਵੀ ਤਿਆਰ ਕੀਤੀ ਸੀਨੀਆਰਤਾ ਸੂਚੀ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤੀ ਗਈ ਸੀ ।

2.0 ਉਕਤ ਦਰਸਾਈ ਸਥਿਤੀ ਦੇ ਸਨਮੁੱਖ ਇਥੇ ਇਹ ਵੀ ਦਸਿਆ ਜਾਂਦਾ ਹੈ ਕਿ CWP No 412 ਆਫ 2016 ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਹੋਏ ਹੁਕਮਾ ਦੇ ਸਨਮੁੱਖ ਲੈਕਚਰਾਰ ਕਾਡਰ ਦੀ ਸੀਨੀਆਰਤਾ ਸੂਚੀ ਤਿਆਰ ਕੀਤੀ ਜਾਣੀ ਹੈ ਅਤੇ ਲੈਕਚਰਾਰ ਕਾਡਰ ਦੀ ਸੀਨੀਆਰਤਾ ਸੂਚੀ ਤਿਆਰ ਕਰਨ ਤੋ ਪਹਿਲਾ ਮਾਸਟਰ ਕਾਡਰ ਤੋ ਲੈਕਚਰਾਰ ਕਾਡਰ ਵਿੱਚ 2008 ਤੋ 2024 ਵਿੱਚ ਹੋਈਆ ਪੱਦਉਨਤੀਆਂ ਦਾ ਰਿਵਿਉ ਕੀਤਾ ਜਾਣਾ ਹੈ ।

3.0 ਉਕਤ ਦਰਸਾਈ ਸਥਿਤੀ ਦੇ ਸਨਮੁੱਖ ਦੱਸਿਆ ਜਾਦਾ ਹੈ ਕਿ ਵਿਭਾਗ ਵੱਲੋਂ ਮਾਸਟਰ ਕਾਡਰ ਤੋ ਲੈਕਚਰਾਰ ਕਾਡਰ ਦੇ ਫਿਜੀਕਲ ਐਜੂਕੇਸ਼ਨ ਅਤੇ ਮੈਥ ਵਿਸ਼ੇ ਵਿੱਚ ਹੇਠ ਦਰਸਾਏ ਟੇਬਲ ਅਨੁਸਾਰ ਕਰਮਚਾਰੀ ਆਪਣੇ ਪੱਦਉਨਤੀ ਦੇ ਕੇਸ ਨੱਥੀ ਪ੍ਰੋਫਮੇ ਅਨੁਸਾਰ ਯੋਗ ਪ੍ਰਣਾਲੀ ਰਾਹੀ ਮੁੱਖ ਦਫਤਰ ਵਿਖੇ ਪੁੱਜਦਾ ਕਰਨਾ ਯਕੀਨੀ ਬਣਾਉਣਗੇ ।

| ਲੜੀ ਨੰ | ਵਿਸ਼ਾ | ਸੀਨੀਆਰਤਾ ਨੰਬਰ (2024 ਦੀ ਮਾਸਟਰ ਕਾਡਰ ਦੀ ਸੀਨੀਆਰਤਾ ਅਨੁਸਾਰ ਕੱਟ ਆਫ) | ਵਿਸੇਸ਼ ਕਥਨ |
|---|---|---|---|
| 1 | ਫਿਜੀਕਲ ਐਜੂਕੇਸ਼ਨ | 78325 | (ਜਨਰਲ,ਐਸ ਸੀ ਸਮੇਤ Differently Abled) |
| 2 | ਮੈਥ | 65917<br>80684<br>73838 | (ਜਨਰਲ)<br>(ਐਸ ਸੀ)<br>(Differently Abled) |

ਉਕਤ ਦਰਸਾਏ ਟੇਬਲ ਅਨੁਸਾਰ ਕਰਮਚਾਰੀ ਆਪਣਾ ਕੇਸ ਪਬਲਿਕ ਨੋਟਿਸ ਜਾਰੀ ਹੋਣ ਦੀ ਮਿਤੀ ਤੋ 15 ਦਿਨਾਂ ਦੇ ਅੰਦਰ-2 ਵਿਭਾਗ ਕੋਲ ਯੋਗ ਪ੍ਰਣਾਲੀ ਰਾਹੀ ਭੇਜਣਾ ਯਕੀਨੀ ਬਣਾਉਣਗੇ ਅਤੇ ਇਸ ਉਪਰੰਤ ਹੋਰ ਕੋਈ ਵੀ ਕੇਸ ਨਹੀ ਲਿਆ ਜਾਏਗਾ ।

4.0 ਇਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਵਿਭਾਗ ਵੱਲੋਂ ਵੱਖ-2 ਮਿਤੀਆਂ ਨੂੰ ਹੋਈਆ ਪੱਦਉਨਤੀਆਂ ਨੂੰ ਉਸ ਸਮੇਂ ਦੋਰਾਨ ਡੀ ਪੀ ਸੀ ਦੀਆਂ ਸ਼ਰਤਾ ਮੁਤਾਬਿਕ ਪੱਦਉਨਤੀ ਦੇ ਕੇਸਾ ਨੂੰ ਵਿਚਾਰਿਆ ਜਾਵੇਗਾ ।

09/05/25

ਡਾਇਰੈਕਟਰ ਸਕੂਲ ਐਜੂਕੇਸ਼ਨ, (ਸੈਕੰਡਰੀ), ਪੰਜਾਬ